York Region
DISTRICT SCHOOL BOARD
InspireLearning!

THE EDUCATION CENTRE - AURORA

60 Wellington Street West, Aurora, Ontario L4G 3H2
**Tel:** 905.722.3201 905.895.7216 905.727.3141 416.969.8131
**Fax:** 905.727.1931
**Website:** www.yrdsb.ca

ਜਨਵਰੀ 2019

ਪਿਆਰੇ ਪਰਿਵਾਰ ਜੀਓ,

**ਸਰਦ ਰੁੱਤ ਦੇ ਸਖ਼ਤ ਮੌਸਮ ਲਈ ਤਿਆਰੀ ਕਰਨੀ**

ਬੀਤੇ ਸਾਲਾਂ ਵਿੱਚ ਅਸੀਂ ਸਰਦੀ ਦੇ ਸਖ਼ਤ ਮੌਸਮ ਵਿੱਚ ਵਾਧਾ ਹੋਇਆ ਅਨੁਭਵ ਕੀਤਾ ਹੈ। ਸਿੱਟੇ ਵਜੋਂ ਅਸੀਂ ਰੀਵਿਊ ਕੀਤਾ ਹੈ ਕਿ ਸਖ਼ਤ ਮੌਸਮ ਦੇ ਦਿਨਾਂ ਵਿੱਚ ਅਸੀਂ ਤਿਆਰੀ ਕਿਵੇਂ ਕਰਨੀ ਹੈ। ਬਹੁਤ ਘੱਟ ਅਵਸਰ ਹੋ ਸਕਦੇ ਹਨ ਜਦੋਂ ਬੇਹਿਸਾਬੀ ਠੰਡ ਦੀਆਂ ਵਾਰਦਾਤਾਂ ਹੋਣ ਅਤੇ ਸਾਡੇ ਸਕੂਲ ਅਤੇ ਬੋਰਡ ਲੋਕੇਸ਼ਨਾਂ ਬੰਦ ਕਰਨ ਦੀ ਸਾਨੂੰ ਲੋੜ ਪਵੇ।

ਬੰਦ ਕਰਨ ਨੂੰ ਉਸ ਵੇਲੇ ਵਿਚਾਰਿਆ ਜਾਵੇਗਾ ਜਦੋਂ ਵਿੱਦਿਆਰਥੀਆਂ ਅਤੇ ਸਟਾਫ ਮੈਂਬਰਾਂ ਲਈ ਪੂਰੇ ਦਿਨ ਵਾਸਤੇ ਸਕੂਲ ਵਿੱਚ ਹਾਜ਼ਰੀ ਭਰਨੀ ਸੁਰੱਖਿਅਤ ਨਾ ਹੋਵੇ। ਇਸ ਵਿੱਚ ਉਹ ਹਾਲਾਤ ਸ਼ਾਮਲ ਹੋ ਸਕਦੇ ਹਨ ਜਿਹਨਾਂ ਸਦਕਾ ਸਕੂਲ ਦੀਆਂ ਕਾਰਵਾਈਆਂ ਚਲਾਉਣੀਆਂ ਸੀਮਤ ਹੋ ਜਾਣ ਜਿਵੇਂ ਕਿ ਬਹੁਤ ਜ਼ਿਆਦਾ ਬਰਫ਼ ਜਾਂ ਬਰਫਾਨੀ ਤੁਫਾਨ ਜਿਹਨਾਂ ਨਾਲ ਸਕੂਲ ਵਿੱਚ ਦਾਖਲਾ ਔਖਾ ਹੋ ਜਾਂਦਾ ਹੈ, ਦੂਰ ਦੁਰਾਡੇ ਤੱਕ ਜਾਂ ਲੰਬੇ ਸਮੇਂ ਤੱਕ ਬਿਜਲੀ ਫੇਲ੍ਹ ਹੋ ਸਕਦੀ ਹੈ ਜਾਂ ਬਿਜਲੀ ਦੀਆਂ ਤਾਰਾਂ ਡਿੱਗ ਸਕਦੀਆਂ ਹਨ।

ਸਾਡੀਆਂ ਵਰਤਮਾਨ ਰਿਵਾਇਤਾਂ ਨੂੰ ਧਿਆਨ ਵਿੱਚ ਰੱਖਦੇ ਹੋਏ, ਜਿੰਨਾ ਸੰਭਵ ਹੋ ਸਕੇਗਾ ਅਸੀਂ ਸਕੂਲਾਂ ਨੂੰ ਖੁੱਲਾ ਰੱਖਣਾ ਜਾਰੀ ਰੱਖਾਂਗੇ। ਪਰਿਵਾਰਾਂ ਲਈ ਇਹ ਅਹਿਮ ਗੱਲ ਹੈ ਕਿ ਉਹਨਾਂ ਵਿਰਲੇ ਸਮਿਆਂ ਵਿੱਚ ਬੱਚੇ ਸੰਭਾਲਣ ਦਾ ਬਦਲਵਾਂ ਇੰਤਜ਼ਾਮ ਕਰਕੇ ਰੱਖਣ ਜਦੋਂ ਸਕੂਲ ਬੰਦ ਹੋ ਸਕਦੇ ਹਨ। ਜੇ ਸਕੂਲ ਬੰਦ ਹੋਣਗੇ ਤਾਂ ਬੱਚੇ ਸੰਭਾਲਣ ਦੇ ਸਕੂਲ ਸਮੇਂ ਤੋਂ ਪਹਿਲਾਂ ਅਤੇ ਬਾਅਦ ਦੇ ਪ੍ਰੋਗਰਾਮ ਨਹੀਂ ਚੱਲਣਗੇ। ਕ੍ਰਿਪਾ ਕਰਕੇ ਸਮਾਂ ਕੱਢ ਕੇ ਯਕੀਨੀ ਬਣਾਓ ਕਿ ਐਮਰਜੰਸੀ ਵਿੱਚ ਸਕੂਲ ਬੰਦ ਹੋਣ ਦੀ ਸੂਰਤ ਵਿੱਚ ਤੁਸੀਂ ਯੋਜਨਾ ਬਣਾਈ ਹੋਈ ਹੈ।

**ਸਕੂਲ ਟਰਾਂਸਪੋਰਟੇਸ਼ਨ ਦਾ ਰੱਦ ਹੋਣਾ**

ਅਸੀਂ ਸਕੂਲ ਟਰਾਂਸਪੋਰਟੇਸ਼ਨ ਨੂੰ ਰੱਦ ਕਰਨਾ ਜਾਰੀ ਰੱਖਾਂਗੇ ਜੇ ਸੜਕ ਦੀ ਸਥਿਤੀ ਬੱਸਾਂ ਅਤੇ ਟੈਕਸੀ ਸਰਵਿਸ ਲਈ ਅਸੁਰੱਖਿਅਤ ਹੋਵੇ ਜਾਂ ਇਸਦੇ ਵਿੱਦਿਆਰਥੀਆਂ ਦੇ ਬੱਸਾਂ ਵਿੱਚ ਘਰ ਜਾਣ ਸਮੇਂ ਇਸਦੇ ਹੋਰ ਜ਼ਿਆਦਾ ਖਰਾਬ ਹੋਣ ਦੀ ਸੰਭਾਵਨਾ ਹੋਵੇ। ਬੱਸਾਂ ਦੇ ਰੱਦ ਹੋਣ ਤੋਂ ਇਹ ਬਿਲਕੁਲ ਭਾਵ ਨਹੀਂ ਕਿ ਸਕੂਲ ਵੀ ਐਮਰਜੰਸੀ ਵਿੱਚ ਬੰਦ ਕੀਤਾ ਗਿਆ ਹੈ। ਜਦੋਂ ਤੱਕ ਇਤਲਾਹ ਨਹੀਂ ਦਿੱਤੀ ਜਾਂਦੀ, ਸਕੂਲ ਖੁੱਲੇ ਰਹਿਣਗੇ।

ਜੇ ਟਰਾਂਸਪੋਰਟੇਸ਼ਨ ਸਵੇਰ ਵੇਲੇ ਰੱਦ ਕੀਤੀ ਜਾਂਦੀ ਹੈ, ਇਹ ਬਾਅਦ ਦੁਪਹਿਰ ਲਈ ਵੀ ਬੰਦ ਰਹੇਗੀ। ਖਰਾਬ ਮੌਸਮ ਕਾਰਣ ਸਕੂਲ ਵਿੱਚ ਹਾਜ਼ਰ ਨਾ ਹੋਣ ਵਾਲੇ ਵਿੱਦਿਆਰਥੀਆਂ ਨੂੰ ਗੈਰ ਹਾਜ਼ਰ ਨਹੀਂ ਵਿਖਾਇਆ ਜਾਵੇਗਾ, ਪ੍ਰੰਤੂ ਅਸੀਂ ਪਰਿਵਾਰਾਂ ਨੂੰ ਆਖਦੇ ਹਾਂ ਕਿ ਜੇ ਉਸ ਦਿਨ ਬੱਚਾ ਸਕੂਲ ਨਹੀਂ ਆ ਰਿਹਾ ਤਾਂ ਸਕੂਲ ਨੂੰ ਇਤਲਾਹ ਕੀਤੀ ਜਾਵੇ। ਖਰਾਬ ਮੌਸਮ ਦੇ ਦਿਨਾਂ (inclement weather days) ਬਾਰੇ ਵਧੇਰੇ ਜਾਣਕਾਰੀ ਲਈ ਸਾਡੀ ਵੈੱਬਸਾਈਟ www.yrdsb.ca ਉੱਤੇ ਜਾਵੋ।

**ਟਰਾਂਸਪੋਰਟੇਸ਼ਨ ਅਤੇ ਸਕੂਲ ਬੰਦ ਹੋਣ ਬਾਰੇ ਸੰਚਾਰ ਕਰਨਾ**

ਸਕੂਲ ਟਰਾਂਸਪੋਰਟੇਸ਼ਨ ਅਤੇ ਸਕੂਲ ਬੰਦ ਹੋਣ ਬਾਰੇ ਫੈਸਲਾ ਜਿੰਨੀ ਜਲਦੀ ਸੰਭਵ ਹੋ ਸਕੇ ਉੱਨੀ ਜਲਦੀ ਲਿਆ ਜਾਵੇਗਾ ਅਤੇ ਇਹ ਫੈਸਲਾ ਸਵੇਰੇ 6 ਵਜੇ ਤੋਂ ਪਹਿਲਾਂ ਲੈ ਲਿਆ ਜਾਵੇਗਾ। ਇਹ ਪਤਾ ਲਾਉਣ ਲਈ ਕਿ ਟਰਾਂਸਪੋਰਟੇਸ਼ਨ ਰੱਦ ਕੀਤੀ ਗਈ ਹੈ ਜਾਂ ਸਕੂਲ ਬੰਦ ਹਨ, ਕ੍ਰਿਪਾ ਕਰਕੇ ਚੈੱਕ ਕਰੋ:

- Student Transportation Services ਦੀ ਵੈੱਬਸਾਈਟ : www.schoolbuscity.com
- ਵਿੱਦਿਆਰਥੀ ਟਰਾਂਸਪੋਰਟੇਸ਼ਨ ਹਾਟਲਾਈਨ: 1-877-330-3001
- ਬੋਰਡ ਦੀ ਵੈੱਬਸਾਈਟ ਅਤੇ ਸਕੂਲ ਦੀ ਵੈੱਬਸਾਈਟ
- @YRDSB Twitter ਅਕਾਊਂਟ
- ਰੇਡੀਓ ਅਤੇ ਟੀ ਵੀ ਮੀਡੀਆ ਆਊਟਲੈੱਟ

ਜੇ ਅਸੀਂ ਸਕੂਲ ਅਤੇ ਬੋਰਡ ਦਫ਼ਤਰਾਂ ਨੂੰ ਬੰਦ ਕਰਨ ਦਾ ਵਿਚਾਰ ਕਰ ਰਹੇ ਹੋਈਏ ਤਾਂ ਅਸੀਂ ਪਰਿਵਾਰਾਂ ਨੂੰ ਅਗਾਊਂ ਵਿੱਚ ਇਤਲਾਹ ਦੇਣ ਦੀ ਹਰ ਕੋਸ਼ਿਸ਼ ਕਰਦੇ ਹਾਂ। ਸਾਡੇ ਵਿੱਦਿਆਰਥੀਆਂ, ਸਟਾਫ ਮੈਂਬਰਾਂ ਅਤੇ ਪਰਿਵਾਰਾਂ ਦੀ ਸੁਰੱਖਿਆ ਦਾ ਸਾਡੀ ਪਹਿਲ ਹੋਣਾ ਜਾਰੀ ਹੈ। ਜੇ ਤੁਹਾਡੇ ਕੋਈ ਸੁਆਲ ਹੋਣ, ਕ੍ਰਿਪਾ ਕਰਕੇ ਆਪਣੇ ਸਕੂਲ ਦੇ ਪ੍ਰਿੰਸੀਪਲ ਨਾਲ ਗੱਲ ਕਰੋ।



Louise Sirisko
ਸਿੱਖਿਆ ਡਾਇਰੈਕਟਰ
York Region District School Board